## ਮਿਤੀ 18-12-2022 ਨੂੰ ਦਰਜ ਹੋਏ ਮੁਕੱਦਮੇ

| ਲੜੀ ਨੰ | ਮੁਕੱਦਮਾ ਨੰ: ਮਿਤੀ<br>ਜੁਰਮ ਅਤੇ ਥਾਣਾ | ਮੁਦੱਈ ਮੁਕੱਦਮਾ ਦਾ ਨਾਮ, ਪਤਾ ਅਤੇ ਉਮਰ | ਦੋਸ਼ੀ ਦਾ ਨਾਮ ਅਤੇ ਪਤਾ | ਸੰਖੇਪ ਹਾਲਾਤ |
|---|---|---|---|---|
| 1 | ਮੁਕੱਦਮਾ ਨੰ: 142<br>ਮਿਤੀ:18-12-22<br>ਜੁਰਮ:341,379ਬੀ,506,34,<br>ਆਈ.ਪੀ.ਸੀ,<br>25-54-59 ਅਸਲਾ ਐਕਟ<br>ਥਾਣਾ:- ਮਟੌਰ | ਜੱਸੀ ਵਿਸਵਾਸ਼ ਪੁੱਤਰ ਅਜੀਤ ਸਿੰਘ ਜੱਸੀ ਵਾਸੀ ਮਕਾਨ ਨੰ.73ਬੀ ਸੈਕ:51ਏ ਚੰਡੀਗੜ੍ਹ<br>ਉਮਰ ਕਰੀਬ 27 ਸਾਲ<br>98724-25011 | 04/05 ਅਣਪਛਾਤੇ ਵਿਅਕਤੀ | ਮੁਦੱਈ ਮੁਕੱਦਮਾ ਨੇ ਬਿਆਨ ਕੀਤਾ ਕਿ ਮੈਂ ਉਕਤ ਪਤੇ ਦਾ ਰਹਿਣ ਵਾਲਾ ਹਾਂ ਅਤੇ ਟੈਲੀਪ੍ਰੋਫਾਰਮੰਸ ਕੰਪਨੀ ਸੈਕ:75 ਮੋਹਾਲੀ ਨੌਕਰੀ ਕਰਦਾ ਹਾਂ। ਮਿਤੀ 18-12-22 ਨੂੰ ਮੈਂ ਵਕਤ ਕਰੀਬ 03:00ਏ.ਐਮ ਪਰ ਆਪਣੇ ਦੋਸਤਾਂ ਨੂੰ ਮਿਲ ਕੇ ਆਪਣੀ ਕਾਰ ਨੰਬਰੀ ਸੀ.ਐਚ-01ਬੀ.ਪੀ-4279 ਮਾਰਕਾ ਸਿਆਜ਼ ਪਰ ਸਵਾਰ ਹੋ ਕੇ ਵਾਪਿਸ ਘਰ ਨੂੰ ਜਾ ਰਿਹਾ ਸੀ ਤਾਂ ਮੈਂ ਕੁੰਭੜਾ ਲਾਈਟ ਪੁਆਇੰਟ ਚੌਂਕ ਸੈਕ:70 ਮੋਹਾਲੀ ਸਲਿੱਪ ਰੋਡ ਪਰ ਗੱਡੀ ਰੋਕ ਕੇ ਫੋਨ ਸੁਣ ਰਿਹਾ ਸੀ ਇੰਨੇ ਨੂੰ ਇੱਕ ਕਾਰ ਰੰਗ ਸਿਲਵਰ ਆਈ ਅਤੇ ਮੇਰੀ ਗੱਡੀ ਦੇ ਅੱਗੇ ਲਗਾ ਕੇ ਕਰੀਬ 04/05 ਵਿਅਕਤੀ ਹੇਠਾਂ ਉਤਰੇ ਅਤੇ ਗੱਡੀ ਨੂੰ ਘੇਰ ਕੇ ਪਿਸਟਲ ਦਿਖਾ ਕੇ ਮੈਨੂੰ ਗੱਡੀ ਵਿੱਚੋਂ ਬਾਹਰ ਆਉਣ ਦਾ ਇਸ਼ਾਰਾ ਕੀਤਾ। ਜਿਹਨਾਂ ਨੇ ਮੇਰੇ ਹੱਥ ਵਿੱਚੋਂ ਗੱਡੀ ਦੀ ਚਾਬੀ ਖੋਹ ਕੇ ਮੈਨੂੰ ਸਾਈਡ ਤੇ ਸੁੱਟ ਦਿੱਤਾ ਅਤੇ ਮੈਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦੇ ਹੋਏ ਮੇਰੀ ਗੱਡੀ ਖੋਹ ਕੇ ਫਰਾਰ ਹੋ ਗਏ। ਕਾਰ ਵਿੱਚ ਮੇਰਾ ਲਾਇਸੰਸ, ਗੱਡੀ ਦੀ ਆਰ.ਸੀ, ਫੋਨ, ਕੰਪਨੀ ਦਾ ਆਈ ਕਾਰਡ ਅਤੇ ਹੋਰ ਸਮਾਨ ਸੀ। ਬਾਅਦ ਵਿੱਚ ਉਕਤ 04/05 ਨਾ-ਮਾਲੂਮ ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 2 | ਮੁਕੱਦਮਾ ਨੰ:143<br>ਮਿਤੀ:18-12-22<br>ਜੁਰਮ:323,457,380,<br>448,511,34,<br>ਆਈ.ਪੀ.ਸੀ<br>ਥਾਣਾ:- ਮਟੌਰ | ਜਸਵੰਤ ਚੌਧਰੀ ਪਤਨੀ ਲੇਟ ਤੀਰਥ ਸਿੰਘ ਚਧਰੀ ਵਾਸੀ ਫਲੈਟ ਨੰ.835 ਬਲਾਕ-9 ਆਸ਼ੀਆਨਾ ਉਮੰਗ ਅਜਮੇਰ ਰੋਡ ਜੈਪੁਰ, ਰਾਜਸਥਾਨ<br>99356-78631 | 1) ਸੁਖਵਿੰਦਰ ਸਿੰਘ ਪੁੱਤਰ ਰਖਸ਼ਪਾਲ ਸਿੰਘ<br>2) ਸੁਖਵਿੰਦਰ ਸਿੰਘ ਦੀ ਪਤਨੀ<br>3) ਸੁਖਵਿੰਦਰ ਸਿੰਘ ਦਾ ਲੜਕਾ ਵਾਸੀਆਨ ਮਕਾਨ ਨੰ.491 ਫੇਸ-3ਬੀ1 ਮੋਹਾਲੀ | ਮੁਦੱਈ ਮੁਕੱਦਮਾ ਨੇ ਇਕ ਦਰਖਾਸਤ ਨੰਬਰੀ 1889/ਪੀ/ਐਸ ਐਸ ਪੀ/ਐਸ ਏ ਐਸ ਨਗਰ ਮਿਤੀ 05-07-22 ਨੂੰ ਦਿੱਤੀ ਸੀ। ਜਿਸ ਵਿੱਚ ਮੁੱਦਈ ਮੁਕੱਦਮਾ ਨੇ ਦੱਸਿਆ ਕਿ ਸਾਲ 2014 ਵਿੱਚ ਦ/ਕਰਤਾ ਦੇ ਪਤੀ ਦੀ ਮੌਤ ਹੋ ਗਈ ਸੀ।ਜਿਸ ਕਾਰਨ ਜਸਵੰਤ ਚੌਧਰੀ ਦੀ ਲੜਕੀ ਮਨਿੰਦਰ ਦੂਆ ਉਸਨੂੰ ਆਪਣੇ ਪਾਸ ਲਖਨਊ ਲੈ ਗਈ ਸੀ। ਮਨਿੰਦਰ ਦੂਆ ਨੇ ਉਕਤ ਕੋਠੀ ਦੀ ਵਿਚਕਾਰਲੀ ਮੰਜਿਲ ਦੇ ਦੋ ਕਮਰੇ ਉਕਤ ਦੋਸ਼ੀ ਸੁਖਵਿੰਦਰ ਸਿੰਘ ਨੂੰ ਕਿਰਾਏ ਤੇ ਦੇ ਦਿੱਤੇ ਸਨ। ਜਿਸ ਨੇ ਸਾਲ 2022 ਤੋਂ ਕੋਠੀ ਦਾ ਕਿਰਾਇਆ ਨਹੀਂ ਦਿੱਤਾ ਸੀ। ਜਿਸ ਤੇ ਮਿਤੀ 25-03-22 ਨੂੰ ਮਨਿੰਦਰ ਦੁਆ ਅਤੇ ਪਤੀ ਗੁਰਿੰਦਰ ਦੁਆ ਕੋਠੀ ਦਾ ਕਿਰਾਇਆ ਲੈਣ ਲਈ ਕੋਠੀ ਵਿੱਚ ਆਏ ਤਾਂ ਉਸ ਟਾਈਮ ਉਕਤ ਦੋਸ਼ੀਆਨ ਕੋਠੀ ਦੇ ਹੇਠਲੇ ਪੋਰਸ਼ਨ ਵਿੱਚ ਖੜੇ ਸੀ। ਜਿਸ ਨੂੰ ਮਨਿੰਦਰ ਦੁਆ ਨੇ ਕਿਹਾ ਕਿ ਤੁਸੀਂ ਸਾਡੀ ਮੰਨਜੂਰ ਤੋਂ ਬਿਨਾਂ ਹੇਠਲੇ ਪੋਰਸ਼ਨ ਵਿੱਚ ਕਿਉਂ ਵੜੇ ਹੋ। ਜਿਸ ਤੇ ਉਕਤਾਨ ਦੋਸ਼ੀਆਨ ਨੇ ਮਨਿੰਦਰ ਦੁਆ ਨੂੰ ਧੱਕਾ ਮਾਰਿਆ ਅਤੇ ਗੁਰਿੰਦਰ ਦੁਆ ਦੀ ਕੁੱਟਮਾਰ ਕੀਤੀ। ਅਤੇ ਧਮਕੀਆਂ ਦਿੱਤੀਆਂ ਕਿ ਹੁਣ ਇਹ ਕੋਠੀ ਸਾਡੀ ਹੈ। ਉਕਤ ਦੋਸ਼ੀਆਨ ਨੇ ਸਾਡੀ ਗੈਰਹਾਜਰੀ ਵਿੱਚ ਹੇਠਲੇ ਪੋਰਸ਼ਨ ਦੇ ਤਾਲੇ ਤੋੜ ਕੇ ਅੰਦਰ ਦਾਖਲ ਹੋ ਕੇ ਸਾਡਾ ਕਾਫੀ ਸਮਾਨ ਚੋਰੀ ਕਰਕੇ ਕਿਧਰੇ ਲੈ ਗਏ ਹਨ। ਦਰਖਾਸਤ ਦੀ ਪੜਤਾਲ ਕਪਤਾਨ ਪੁਲਿਸ (ਸ਼ਹਿਰੀ) ਵੱਲੋਂ ਕੀਤੀ ਗਈ। ਫਿਰ ਡੀ ਡੀ ਏ ਲੀਗਲ ਦੀ ਰਾਇ ਹਾਸਲ ਕੀਤੀ ਗਈ। ਬਾਅਦ ਵਿੱਚ ਮਾਨਯੋਗ ਐਸ ਐਸ ਪੀ ਸਾਹਿਬ ਨੇ ਮੁਕੱਦਮਾ ਦਰਜ ਕਰਨ ਦਾ ਹੁਕਮ ਦਿੱਤਾ। |
| 3 | ਮੁਕੱਦਮਾ ਨੰ:532<br>ਮਿਤੀ:18-12-22<br>ਜੁਰਮ:406,420,120ਬੀ,<br>ਆਈ.ਪੀ.ਸੀ<br>ਥਾਣਾ:- ਸੋਹਾਣਾ | ਜਸਪਾਲ ਸਿੰਘ ਵਗੈਰਾ ਪੁੱਤਰ ਸ੍ਰੀ ਗਿਆਨ ਸਿੰਘ<br>ਦੇਸ਼ ਭਗਤ ਮੈਮੋਰੀਅਲ ਐਜੂਕੇਸ਼ਨ ਟਰੱਸਟ ਤੰਗੋਰੀ ਜਿਲਾ ਐਸ.ਏ.ਐਸ.ਨਗਰ<br>92165-77002 | 1) ਸੁਖਵਿੰਦਰ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਮਕਾਨ ਨੰ.896 ਫੇਸ-3ਬੀ2 ਮੋਹਾਲੀ<br>2) ਗੁਰਲਾਭ ਸਿੰਘ ਪੁੱਤਰ ਬਲਵੰਤ ਸਿੰਘ ਵਾਸੀ ਮਕਾਨ ਨੰ.1777 ਫੇਸ-3ਬੀ2 ਮੋਹਾਲੀ<br>3) ਨਵਜੋਤ ਸਿੰਘ ਪੁੱਤਰ ਲੇਟ ਜਸਮੇਲ ਸਿੰਘ ਧਾਲੀਵਾਲ ਵਾਸੀ ਮਕਾਨ ਨੰ.911 ਫੇਸ-4 ਮੋਹਾਲੀ | ਮੁਦੱਈ ਮੁਕੱਦਮਾ ਨੇ ਇਕ ਦਰਖਾਸਤ ਮਾਨਯੋਗ ਡੀ.ਜੀ.ਪੀ.ਸਾਹਿਬ ਪੰਜਾਬ ਜੀ ਨੂੰ ਦਿੱਤੀ ਜੋ ਅਗਲੇਰੀ ਕਾਰਵਾਈ ਲਈ ਮਾਨਯੋਗ ਐਸ.ਐਸ.ਪੀ.ਸਾਹਿਬ ਐਸ.ਏ.ਐਸ.ਨਗਰ ਜੀ ਨੂੰ ਮਾਰਕ ਹੋਈ। ਦਰਖਾਸਤ ਨੰਬਰੀ 1408/ਐਸ.ਪੀ.ਐਲ/ਐਸ ਐਸ ਪੀ/ਐਸ ਏ ਐਸ ਨਗਰ ਮਿਤੀ 13-10-22 ਵਿੱਚ ਮੁੱਦਈ ਮੁਕੱਦਮਾ ਨੇ ਦੱਸਿਆ ਕਿ ਦੇਸ਼ ਭਗਤ ਮੈਮੋਰੀਅਲ ਐਜੂਕੇਸ਼ਨਲ ਟਰੱਸਟ ਦੇ ਉਕਤ ਮੈਂਬਰਾਂ ਨੇ ਟਰੱਸਟ ਦੇ 17ਕਰੋੜ ਰੁਪਏ ਦੀ ਧੋਖਾਧੜੀ ਕੀਤੀ ਹੈ। ਪੜਤਾਲ ਅਨੁਸਾਰ ਦੋਵਾਂ ਧਿਰਾਂ ਵਿਚਕਾਰ ਮਿਤੀ 28-02-22 ਨੂੰ ਇੱਕ ਸੈਟਲਮੈਂਟ ਐਗਰੀਮੰਟ ਲਿਖਿਆ ਗਿਆ ਸੀ ਜਿਸ ਅਨੁਸਾਰ ਯੂਨੀਵਰਸਲ ਐਜੂਕੇਸ਼ਨ ਸੁਸਾਇਟੀ ਅਤੇ ਦੇਸ਼ ਭਗਤ ਟਰੱਸਟ ਵਿਚਕਾਰ ਜੋ ਮੈਂਬਰਸ਼ਿਪ ਨੂੰ ਲੈ ਕੇ ਵਿਵਾਦ ਸੀ ਉਸ ਸਬੰਧੀ ਦੋਵਾਂ ਧਿਰਾਂ ਦੇ 06-06 ਮੈਂਬਰ ਟਰੱਸਟ ਵਿੱਚ ਲੈ ਲਏ ਗਏ। ਪਰ ਇੰਨਕਮਟੈਕਸ ਦੀ ਰਿਪੋਰਟ ਮਿਤੀ 31-03-22 ਨੂੰ ਆਉਣ ਤੋਂ ਬਾਅਦ ਪਤਾ ਲੱਗਿਆ ਕਿ ਉਕਤ ਦੋਸ਼ੀਆਨ ਨ ਜੋ ਯੂਨੀਵਰਸਲ ਐਜੂਕੇਸ਼ਨ ਸੁਸਾਇਟੀ ਤੋਂ ਜੋ 17 ਕਰੋੜ ਰੁਪਏ ਪ੍ਰਾਪਤ ਕੀਤੇ ਸਨ ਉਹ ਟਰੱਸਟ ਦੇ ਖਾਤੇ ਵਿੱਚ ਜਮਾਂ ਨਹੀਂ ਕਰਵਾਏ। ਉਕਤਾਨ ਦੋਸ਼ੀਆਨ ਨੇ ਮਿਲ ਕੇ ਸੋਚੀ ਸਮਝੀ ਸਾਜਿਸ਼ ਤਹਿਤ ਟਰੱਸਟ ਨਾਲ ਧੋਖਾਧੜੀ ਕੀਤੀ ਹੈ। ਦਰਖਾਸਤ ਦੀ ਪੜਤਾਲ ਕਪਤਾਨ ਪੁਲਿਸ (ਤਫਤੀਸ਼) ਵੱਲੋਂ ਕੀਤੀ ਗਈ। ਫਿਰ ਡੀ ਡੀ ਏ ਲੀਗਲ ਦੀ ਰਾਇ ਹਾਸਲ ਕੀਤੀ ਗਈ। ਬਾਅਦ ਵਿੱਚ ਮਾਨਯੋਗ ਐਸ ਐਸ ਪੀ ਸਾਹਿਬ ਨੇ ਮੁਕੱਦਮਾ ਦਰਜ ਕਰਨ ਦਾ ਹੁਕਮ ਦਿੱਤਾ। |

| | | | | |
|---|---|---|---|---|
| 4 | ਮੁਕੱਦਮਾ ਨੰ: 366<br>ਮਿਤੀ:18-12-22<br>ਜੁਰਮ: 379,<br>ਆਈ.ਪੀ.ਸੀ.<br>ਥਾਣਾ:- ਸਿਟੀ ਖਰੜ | ਮੁਕੇਸ਼ ਕੁਮਾਰ ਪੁੱਤਰ ਸ਼ਾਮ ਲਾਲ ਵਾਸੀ ਮਕਾਨ ਨੰ.4418 ਨੇੜੇ ਜਨਤਾ ਚੱਕ ਖਰੜ ਜਿਲਾ ਐਸ.ਏ.ਐਸ.ਨਗਰ<br>98152-82892 | ਨਾ-ਮਾਲੂਮ ਵਿਅਕਤੀ/ਵਿਅਕਤੀਆਂ | ਮੁਦੱਈ ਮੁਕੱਦਮਾ ਨੇ ਬਿਆਨ ਕੀਤਾ ਕਿ ਮੈਂ ਮਿਤੀ 16/17-12-22 ਦੀ ਦਰਮਿਆਨੀ ਰਾਤ ਨੂੰ ਆਪਣੀ ਕਾਰ ਨੰਬਰੀ ਪੀ.ਬੀ-27ਸੀ-2700 ਮਾਰਕਾ ਹੌਂਡਾ ਸਿਟੀ ਰੰਗ ਸਿਲਵਰ ਕਟਾਣੀ ਢਾਬੇ ਦੇ ਨਜ਼ਦੀਕ ਖੜੀ ਕੀਤੀ ਸੀ। ਅਤੇ ਇਸੇ ਰਾਤ ਹੀ ਕਰੀਬ 11:20ਪੀ.ਐਮ ਪਰ ਦੇਖਿਆ ਤਾਂ ਮਰੀ ਕਾਰ ਆਪਣੀ ਜਗ੍ਹਾ ਪਰ ਨਹੀਂ ਸੀ ਜਿਸ ਨੂੰ ਕੋਈ ਨਾ-ਮਾਲੂਮ ਵਿਅਕਤੀ ਚੋਰੀ ਕਰਕੇ ਲੈ ਗਿਆ। ਜਿਸ ਦੀ ਮੈਂ ਹੁਣ ਤੱਕ ਆਪਣੇ ਤੌਰ ਪਰ ਭਾਲ ਕਰਦਾ ਰਿਹਾ ਜੋ ਨਹੀਂ ਮਿਲੀ ਜਿਸ ਤੇ ਹੁਣ ਨਾ-ਮਾਲੂਮ ਵਿਅਕਤੀ/ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 5 | ਮੁਕੱਦਮਾ ਨੰ:367<br>ਮਿਤੀ:18-12-22<br>ਜੁਰਮ:379ਬੀ,382,473,<br>ਆਈ.ਪੀ.ਸੀ<br>ਥਾਣਾ:- ਸਿਟੀ ਖਰੜ | ਐਸ.ਆਈ.ਅਭਿਸ਼ੇਕ ਸ਼ਰਮਾ<br>ਇੰਚਾਰਜ ਚੌਂਕੀ ਸੰਨੀ ਇੰਨਕਲੇਵ ਖਰੜ<br>94646-42990 | ਦਿਲਬਾਗ ਸਿੰਘ ਪੁੱਤਰ ਜਨਕ ਸਿੰਘ ਵਾਸੀ ਜੰਮੂ | ਅੱਜ ਮਨ ਸ:ਥ:ਸਮੇਤ ਪੁਲਿਸ ਪਾਰਟੀ ਬਾ-ਸਿਲਸਿਲਾ ਗਸਤ ਬਾ-ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਨੇੜੇ ਗਰੀਨ ਮਾਰਕੀਟ ਸੰਨੀ ਇੰਨਕਲੇਵ ਖਰੜ ਵਿਖੇ ਮੌਜੂਦ ਸੀ ਤਾਂ ਮੁੱਖਬਰ ਖਾਸ ਨੇ ਇੱਤਲਾਹ ਦਿੱਤੀ ਕਿ ਉਕਤ ਦੋਸ਼ੀ ਦਿਲਬਾਗ ਸਿੰਘ ਜੋ ਕਿ ਹਥਿਆਰਾਂ ਦੀ ਨੋਕ ਤੇ ਲੋਕਾਂ ਨੂੰ ਡਰਾ ਧਮਕਾ ਕੇ ਲੁੱਟਾਂ ਖੋਹਾਂ ਕਰਨ ਦਾ ਆਦੀ ਹੈ ਜੋ ਕਿ ਅੱਜ ਵੀ ਸਕਾਰਪੀਓ ਗੱਡੀ ਉੱਤੇ ਜਾਅਲੀ ਨੰਬਰ ਪੀ.ਬੀ-12ਜੀ.ਕਿਉ-4321 ਪਰ ਲਗਾ ਕੇ ਘੁੰਮ ਰਿਹਾ ਹੈ ਜੋ ਕਿ ਉਸ ਵੱਲੋਂ ਪਿਛਲੇ ਮਹੀਨੇ ਜੰਮੂ ਤੋਂ ਕਿਸੇ ਵਿਅਕਤੀ ਤੋਂ ਖੋਹ ਕੀਤੀ ਗਈ ਸੀ। ਜੇਕਰ ਹੁਣੇ ਹੀ ਨਾਕਾਬੰਦੀ ਕੀਤੀ ਜਾਵੇ ਤਾਂ ਉਕਤ ਦੋਸ਼ੀ ਖੋਹ ਕੀਤੀ ਗੱਡੀ ਸਮੇਤ ਕਾਬੂ ਆ ਸਕਦਾ ਹੈ। ਗੁਪਤ ਸੂਚਨਾ ਦੇ ਅਧਾਰ ਤੇ ਉਕਤ ਦੋਸ਼ੀ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ। |
| 6 | ਮੁਕੱਦਮਾ ਨੰ: 137<br>ਮਿਤੀ:18-12-22<br>ਜੁਰਮ:279,337,427,<br>ਆਈ.ਪੀ.ਸੀ<br>ਥਾਣਾ:- ਮੁੱਲਾਂਪੁਰ | ਹਰਦੀਪ ਸਿੰਘ<br>ਮਾਈਨਿੰਗ ਇੰਸਪੈਕਟਰ ਮੋਹਾਲੀ<br>ਜਿਲਾ ਐਸ.ਏ.ਐਸ.ਨਗਰ<br>98761-64548 | ਸੁਖਦੇਵ ਸਿੰਘ ਉਰਫ ਸੁੱਖੂ ਪੁੱਤਰ ਰਜਿੰਦਰ ਸਿੰਘ ਵਾਸੀ ਪਿੰਡ ਕੁਬਾਹੇੜੀ ਥਾਣਾ ਮਾਜਰੀ ਜਿਲਾ ਐਸ.ਏ.ਐਸ.ਨਗਰ | ਮੁਦੱਈ ਮੁਕੱਦਮਾ ਨੇ ਬਿਆਨ ਕੀਤਾ ਕਿ ਮੈਂ ਬਤੌਰ ਇੰਸਪੈਕਟਰ ਸਬ-ਡਵੀਜ਼ਨ ਮਾਈਨਿੰਗ ਤਾਇਨਾਤ ਹਾਂ। ਅੱਜ ਮੈਂ ਸਮੇਤ ਮਾਈਨਿੰਗ ਇੰਸਪੈਕਟਰ ਕੁਲਵੰਤ ਸਿੰਘ ਚੈਕ ਪੋਸਟ ਟੀ-ਪੁਆਇੰਟ ਸਿਸਵਾਂ ਵਿਖੇ ਹਾਜ਼ਰ ਸੀ। ਤਾਂ ਵਕਤ ਕਰੀਬ 02:15 ਪੀ.ਐਮ ਪਰ ਇੱਕ ਗੱਡੀ ਨੰਬਰ ਪੀ.ਬੀ-39ਕੇ-6872 ਮਾਰਕਾ ਸਵਿਫਟ ਰੰਗ ਚਿੱਟਾ ਦੇ ਚਾਲਕ ਨੇ ਸਿਸਵਾਂ ਵਾਲੇ ਪਾਸੇ ਤੋਂ ਲਿਆ ਕੇ ਸਾਡੀ ਪੋਸਟ ਵਿੱਚ ਮਾਰੀ। ਜਿਸ ਕਾਰਨ ਪੋਸਟ ਅੰਦਰ ਬੈਠੇ ਡਾਟਾ ਓਪਰੇਟਰ ਸਚਿਨ ਕੁਮਾਰ ਦੇ ਸੱਟਾਂ ਲੱਗੀਆਂ ਅਤੇ ਅਸੀਂ ਦੋਵਾਂ ਨੇ ਭੱਜ ਕੇ ਆਪਣਾ ਬਚਾਓ ਕੀਤਾ। ਮੌਕੇ ਤੇ ਕਾਫੀ ਲੋਕਾਂ ਦਾ ਇਕੱਠ ਹੋ ਗਿਆ ਅਤੇ ਅਸੀਂ ਉਕਤ ਕਾਰ ਦੇ ਚਾਲਕ ਨੂੰ ਨਸ਼ੇ ਦੀ ਹਾਲਤ ਵਿੱਚ ਕਾਬੂ ਕੀਤਾ ਅਤੇ ਬਾਅਦ ਵਿੱਚ ਪੁਲਿਸ ਪਾਰਟੀ ਦੇ ਹਵਾਲੇ ਕੀਤਾ। ਜਿਸ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ। |
| 7 | ਮੁਕੱਦਮਾ ਨੰ:494<br>ਮਿਤੀ:18-12-22<br>ਜੁਰਮ:279,337,338,427,<br>ਆਈ.ਪੀ.ਸੀ.<br>ਥਾਣਾ:- ਜ਼ੀਰਕਪੁਰ | ਇਸ਼ਪ੍ਰੀਤ ਸਿੰਘ ਪੁੱਤਰ ਨਿਰਭੈ ਸਿੰਘ ਵਾਸੀ ਮਕਾਨ ਨੰ.3189ਏ ਹਾਊਸਿੰਗ ਬੋਰਡ ਕੰਪਲੈਕਸ ਸੈਕ:52 ਚੰਡੀਗੜ੍ਹ<br>82888-84666 | ਕਾਰ ਨੰਬਰੀ ਸੀ.ਐਚ-03ਕਿਯੂ-2686 ਦਾ ਨਾ-ਮਾਲੂਮ ਚਾਲਕ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈਂ ਕਿਸ਼ਨਪੁਰਾ ਰੋਡ ਸਨੋਲੀ ਵਿੱਚ ਨੌਕਰੀ ਕਰਦਾ ਹਾਂ। ਮਿਤੀ 16-12-22 ਨੂੰ ਮੈਂ ਆਪਣੀ ਕੰਪਨੀ ਤੋਂ ਵਕਤ ਕਰੀਬ 06:00ਪੀ.ਐਮ ਪਰ ਆਪਣੇ ਮੋਟਰ ਸਾਈਕਲ ਨੰਬਰੀ ਸੀ.ਅਚ-01ਬੀ.ਐਸ-5213 ਪਰ ਘਰ ਜਾ ਰਿਹਾ ਸੀ ਤਾਂ ਜਦੋਂ ਮੈਂ ਸਾਹਮਣੇ ਮੈਗਨੇਸ਼ੀਆ ਦੇ ਗੇਟ ਪਰ ਪੁੱਜਾ ਤਾਂ ਮੇਰੇ ਸਾਹਮਣੇ ਤੋਂ ਇੱਕ ਕਾਰ ਨੰਬਰੀ ਸੀ.ਐਚ-03ਕਿਯੂ-2686 ਮਾਰਕਾ ਸੈਂਟਰੋ ਬੜੀ ਤੇਜ਼ ਰਫਤਾਰੀ ਨਾਲ ਰੌਂਗ ਸਾਈਡ ਤੋਂ ਆਈ ਜਿਸ ਨੇ ਮੋੜ ਉੱਤੇ ਮੇਰੇ ਮੋਟਰ ਸਾਈਕਲ ਵਿੱਚ ਟੱਕਰ ਮਾਰ ਦਿੱਤੀ ਅਤੇ ਮੈਂ ਮੋਟਰ ਸਾਈਕਲ ਸਮੇਤ ਸੜਕ ਤੇ ਡਿੱਗ ਪਿਆ। ਜਿਸ ਕਾਰਨ ਮੇਰੇ ਕਾਫੀ ਸੱਟਾਂ ਲੱਗੀਆਂ। ਮੈਂ ਆਪਣੇ ਭਰਾ ਪਾਹੁਲਪ੍ਰੀਤ ਸਿੰਘ ਨ ਫੋਨ ਕਰਕੇ ਮੌਕਾ ਤੇ ਬੁਲਾਇਆ। ਜੋ ਮੈਨੂੰ ਇਲਾਜ ਲਈ ਜੀ.ਐਮ.ਸੀ.ਐਚ ਸੈਕ:32 ਚੰਡੀਗੜ੍ਹ ਵਿਖੇ ਲੈ ਕੇ ਗਿਆ ਜਿੱਥੇ ਮੇਰੇ ਸੱਜੇ ਪੈਰ ਅਤੇ ਖੱਬੀ ਬਾਂਹ ਦਾ ਆਪ੍ਰੇਸ਼ਨ ਹੋਇਆ। ਹੁਣ ਮੈਂ ਉਕਤ ਕਾਰ ਦੇ ਚਾਲਕ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 8 | ਮੁਕੱਦਮਾ ਨੰ:400<br>ਮਿਤੀ:18-12-22<br>ਜੁਰਮ:379,34,<br>ਆਈ.ਪੀ.ਸੀ<br>ਥਾਣਾ:- ਡੇਰਾਬਸੀ | ਕ੍ਰਾਤਿਕਾ ਪਾਹੁਜਾ ਪਤਨੀ ਪਰਵੀਨ ਪਾਹੁਜਾ ਵਾਸੀ ਮਕਾਨ ਨੰ.358 ਸੈਕ:15ਏ ਨੋਇਡਾ<br>97164-16001 | 02 ਨਾ-ਮਾਲੂਮ ਲੜਕ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈਂ ਆਪਣੇ ਪਤੀ ਨਾਲ ਆਪਣੀ ਕਾਰ ਨੰਬਰੀ ਡੀ.ਐਲ-03ਸੀ.ਸੀ.ਐਲ-9536 ਮਾਰਕਾ ਇਨੋਵਾ ਪਰ ਸਵਾਰ ਹੋ ਕੇ ਚੰਡੀਗੜ੍ਹ ਤੋਂ ਦਿੱਲੀ ਨੂੰ ਜਾ ਰਹੀ ਸੀ ਤਾਂ ਵਕਤ ਕਰੀਬ 01:30 ਪੀ.ਐਮ ਪਰ ਜਦੋਂ ਅਸੀਂ ਫਲਾਈਓਵਰ ਡੇਰਾਬਸੀ ਤੋਂ ਹੇਠਾਂ ਉਤਰ ਰਹੇ ਸੀ ਤਾਂ ਦੋ ਮੋਟਰ ਸਾਈਕਲ ਪਰ ਸਵਾਰ ਦੋ ਲੜਕੇ ਆਏ ਜਿਹਨਾਂ ਨੇ ਸਾਨੂੰ ਇਸ਼ਾਰਾ ਕੀਤਾ ਕਿ ਸਾਡੀ ਗੱਡੀ ਵਿੱਚੋਂ ਤੇਲ ਨਿਕਲ ਰਿਹਾ ਹੈ। ਜਦੋਂ ਅਸੀਂ ਅੰਬਾਲਾ ਚੰਡੀਗੜ੍ਹ ਰੋਡ ਹੈਲਾ ਇੰਡੀਆ ਕੰਪਨੀ ਪਾਸ ਪੁੱਜੇ ਅਤੇ ਮੇਰੇ ਪਤੀ ਨੇ ਗੱਡੀ ਰੋਕ ਲਈ। ਅਸੀਂ ਗੱਡੀ ਵਿੱਚੋਂ ਬਾਹਰ ਨਿਕਲੇ ਤਾਂ ਇੱਕ ਲੜਕਾ ਖੜਾ ਸੀ ਜਿਸ ਨੇ ਮੈਨੂੰ ਕਿਹਾ ਕਿ ਗੱਡੀ ਵਿੱਚੋਂ ਸਪਾਰਕਿੰਗ ਹੋ ਰਹੀ ਹੈ ਅਤੇ ਮੈਨੂੰ ਗੱਲਾਂ ਵਿੱਚ ਲਗਾ ਕੇ ਸਾਡੀ ਗੱਡੀ ਵਿੱਚੋਂ ਮੇਰਾ ਹੈਂਡਬੈਗ (ਪਰਸ) ਚੋਰੀ ਕਰ ਲਿਆ ਜਿਸ ਵਿੱਚ ਮੇਰਾ ਦਿੱਲੀ ਹਾਈਕੋਰਟ ਦਾ ਆਈ.ਕਾਰਡ, ਅਧਾਰ ਕਾਰਡ, ਡਰਾਈਵਿੰਗ ਲਾਇਸੰਸ ਅਤੇ 50 ਹਜਾਰ ਰੁਪਏ ਸੀ। ਜਿਹਨਾਂ ਦੀ ਅਸੀਂ ਆਪਣੇ ਤੌਰ ਤੇ ਕਾਫੀ ਭਾਲ  ਜਿਸ ਬਾਰੇ ਕੁੱਝ ਵੀ ਪਤਾ ਨਹੀਂ ਲੱਗਿਆ। ਜਿਹਨਾਂ ਖਿਲਾਫ ਬਾਅਦ ਵਿੱਚ ਮੁਕੱਦਮਾ ਦਰਜ ਕਰਵਾਇਆ। |

| | | | | |
|---|---|---|---|---|
| 9 | ਮੁਕੱਦਮਾ ਨੰ:401<br>ਮਿਤੀ:18-12-22<br>ਜੁਰਮ:406,420,120ਬੀ,<br>ਆਈ.ਪੀ.ਸੀ<br>ਥਾਣਾ:- ਡੇਰਾਬਸੀ | ਆਸ਼ੀਸ਼ ਕੁਮਾਰ ਪੁੱਤਰ ਸ਼ਿਵ ਕੁਮਾਰ ਵਾਸੀ ਤ੍ਰਿਪੜੀ ਟਾਊਨ ਪਟਿਆਲਾ, ਜਿਲਾ ਪਟਿਆਲਾ<br>70093-47725 | 1) ਗੁਰਦੀਪ ਸਿੰਘ ਪੁੱਤਰ ਸਵਰਨ ਸਿੰਘ<br>2) ਅਮਰਜੀਤ ਸਿੰਘ ਪੁੱਤਰ ਗੁਰਦੀਪ ਸਿੰਘ ਵਾਸੀਆਨ ਪਿੰਡ ਤਸਿੰਬਲੀ ਜਿਲਾ ਐਸ.ਏ.ਐਸ.ਨਗਰ | ਮੁਦੱਈ ਮੁਕੱਦਮਾ ਨੇ ਇਕ ਦਰਖਾਸਤ ਨੰਬਰੀ 838/ਐਸ/ਐਸ ਐਸ ਪੀ/ਐਸ ਏ ਐਸ ਨਗਰ ਮਿਤੀ 18-01-22 ਨੂੰ ਦਿੱਤੀ ਸੀ। ਜਿਸ ਵਿੱਚ ਮੁੱਦਈ ਮੁਕੱਦਮਾ ਨੇ ਦੱਸਿਆ ਕਿ ਉਕਤ ਦੋਸ਼ੀ ਦੀ ਜਮੀਨ ਰਕਬਾ 10ਏਕੜ ਪਿੰਡ ਤਸਿੰਬਲੀ ਦਾ ਸੌਦਾ 30ਲੱਖ 50ਹਜਾਰ ਰੁਪਏ ਪ੍ਰਤੀ 4ਵਿਘਾ ਦੇ ਹਿਸਾਬ ਨਾਲ ਹੋਇਆ ਸੀ।ਜਿਸ ਦੇ ਬਿਆਨ ਦੇ 15 ਲੱਖ ਰੁਪਏ ਮੈਂ ਮਿਤੀ 11-10-21 ਨੂੰ ਅਦਾ ਕਰ ਦਿੱਤੇ ਸਨ। ਮਿਤੀ 30-11-21 ਨੂੰ 20 ਲੱਖ ਰੁਪਏ ਹੋਰ ਉਕਤ ਦੋਸ਼ੀਆਨ ਨੂੰ ਅਦਾ ਕਰ ਦਿੱਤੇ ਸਨ। ਬਾਅਦ ਵਿੱਚ ਸਾਨੂ ਪਤਾ ਲੱਗਾ ਕਿ ਸੌਦਾ ਕਰਨ ਸਮੇਂ ਜੋ ਜ਼ਮੀਨ ਸਾਨੂੰ ਦਿਖਾਈ ਗਈ ਸੀ ਉਹ ਇਕਰਾਰਨਾਮੇ ਮੁਤਾਬਿਕ ਹੋਰ ਨੰਬਰਾਂ ਦੀ ਸੀ। ਉਕਤਾਨ ਦੋਸ਼ੀਆਨ ਨੇ ਸਾਨੂੰ ਧੋਖੇ ਨਾਲ ਗਲਤ ਜਮੀਨ ਦਿਖਾ ਕੇ ਜਿਆਦਾ ਪੈਸੇ ਵਸੂਲ ਕਰਕੇ ਧੋਖਾਧੜੀ ਕੀਤੀ ਹੈ। ਦਰਖਾਸਤ ਦੀ ਪੜਤਾਲ ਕਪਤਾਨ ਪੁਲਿਸ (ਤਫਤੀਸ਼) ਸਾਹਿਬ ਵੱਲੋਂ ਕੀਤੀ ਗਈ। ਫਿਰ ਡੀ ਡੀ ਏ ਲੀਗਲ ਦੀ ਰਾਇ ਹਾਸਲ ਕੀਤੀ ਗਈ। ਬਾਅਦ ਵਿੱਚ ਮਾਨਯੋਗ ਐਸ ਐਸ ਪੀ ਸਾਹਿਬ ਨੇ ਮੁਕੱਦਮਾ ਦਰਜ ਕਰਨ ਦਾ ਹੁਕਮ ਦਿੱਤਾ। |
| 10 | ਮੁਕੱਦਮਾ ਨੰ:402<br>ਮਿਤੀ:18-12-22<br>ਜੁਰਮ:279,304ਏ,<br>427,ਆਈ.ਪੀ.ਸੀ<br>ਥਾਣਾ:- ਡੇਰਾਬਸੀ | ਬਲਵਿੰਦਰ ਸਿੰਘ ਪੁੱਤਰ ਲੇਟ ਸ੍ਰੀ ਜੀਤ ਸਿੰਘ ਵਾਸੀ ਪਿੰਡ ਦੇਵੀ ਨਗਰ ਥਾਣਾ ਡੇਰਾਬਸੀ ਜਿਲਾ ਐਸ.ਏ.ਐਸ.ਨਗਰ<br>ਉਮਰ ਕਰੀਬ 42 ਸਾਲ<br>75080-29514 | ਗੱਡੀ ਨੰਬਰੀ ਪੀ.ਬੀ-65ਏ.ਜੇ-5005 ਦਾ ਨਾ-ਮਾਲੂਮ ਚਾਲਕ | ਮੁਦੱਈ ਮੁਕੱਦਮਾ ਨੇ ਬਿਆਨ ਕੀਤਾ ਕਿ ਮੈਂ ਉਕਤ ਪਤੇ ਦਾ ਰਹਿਣ ਵਾਲਾ ਹਾਂ ਅਤੇ ਮਿਹਨਤ ਮਜਦੂਰੀ ਦਾ ਕੰਮ ਕਰਦਾ ਹਾਂ। ਮੇਰਾ ਭਰਾ ਰਾਜ ਕੁਮਾਰ ਵੀ ਮਿਹਨਤ ਮਜਦੂਰੀ ਦਾ ਕੰਮ ਕਰਦਾ ਸੀ। ਅੱਜ ਮੈਂ ਅਤੇ ਮੇਰਾ ਭਰਾ ਰਾਜ ਕੁਮਾਰ ਆਪੋ ਆਪਣੇ ਸਾਈਕਲਾਂ ਪਰ ਸਵਾਰ ਹੋ ਕੇ ਵਕਤ ਕਰੀਬ 06:00ਪੀ.ਐਮ ਤੇ ਜਦੋਂ ਅਸੀਂ ਭੂਸ਼ਣ ਫੈਕਟਰੀ ਕੱਟ ਤੋਂ ਪਹਿਲਾਂ ਆਪਣੇ ਪਿੰਡ ਨੂੰ ਜਾਣ ਲਈ ਆ ਰਹੇ ਸੀ ਤਾਂ ਮੇਰਾ ਭਰਾ ਰਾਜ ਕੁਮਾਰ ਮੇਰ ਤੋਂ ਅੱਗੇ ਅੱਗੇ ਜਾ ਰਿਹਾ ਸੀ। ਤਾਂ ਲਾਲੜੂ ਸਾਈਡ ਤੋਂ ਇੱਕ ਕਾਰ ਨੰਬਰੀ ਪੀ.ਬੀ-65ਏ.ਜੇ-5005 ਮਾਰਕਾ ਥਾਰ ਬੜੀ ਤੇਜ਼ ਰਫਤਾਰੀ ਨਾਲ ਮੈਨੂੰ ਕਰਾਸ ਕਰਦੇ ਹੋਏ ਮੇਰੇ ਭਰਾ ਦੇ ਸਾਈਕਲ ਉੱਪਰ ਚੜਾ ਦਿੱਤੀ। ਜਿਸ ਕਾਰਨ ਮੇਰੇ ਭਰਾ ਦੀ ਉਕਤ ਗੱਡੀ ਦੇ ਹੇਠਾਂ ਆਉਣ ਕਾਰਨ ਮੌਕਾ ਪਰ ਹੀ ਮੌਤ ਹੋ ਗਈ। ਮੌਕੇ ਤੇ ਰਾਹਗੀਰਾਂ ਦਾ ਇਕੱਠ ਹੋ ਗਿਆ ਅਤੇ ਉਕਤ ਗੱਡੀ ਦਾ ਚਾਲਕ ਆਪਣੀ ਗੱਡੀ ਸਮੇਤ ਮੌਕਾ ਤੋਂ ਫਰਾਰ ਹੋ ਗਿਆ। ਇਹ ਹਾਦਸਾ ਉਕਤ ਗੱਡੀ ਦੇ ਨਾ-ਮਾਲੂਮ ਚਾਲਕ ਦੀ ਅਣਗਹਿਲੀ ਕਾਰਨ ਵਾਪਰਿਆ ਹੈ। |
| 11 | ਮੁਕੱਦਮਾ ਨੰ:190<br>ਮਿਤੀ:18-12-22<br>ਜੁਰਮ:279,304ਏ,337,<br>ਆਈ.ਪੀ.ਸੀ.<br>ਥਾਣਾ:- ਲਾਲੜੂ | ਪ੍ਰਦੀਪ ਸਿੰਘ ਪੁੱਤਰ ਸੁਰਮੁੱਖ ਸਿੰਘ ਵਾਸੀ ਪ੍ਰੇਮ ਨਗਰ ਲਾਲੜੂ ਥਾਣਾ ਲਾਲੜੂ ਜਿਲਾ ਐਸ.ਏ.ਐਸ.ਨਗਰ<br>ਉਮਰ 26 ਸਾਲ<br>98031-37078 | ਕਾਕੂ ਪੁੱਤਰ ਧਰਮ ਸਿੰਘ ਵਾਸੀ ਪਿੰਡ ਟਿਵਾਣਾ ਥਾਣਾ ਲਾਲੜੂ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈਂ ਉਕਤ ਪਤੇ ਦਾ ਰਹਿਣ ਵਾਲਾ ਹਾਂ। ਕੱਲ ਮਿਤੀ 17-12-22 ਨੂੰ ਮੇਰੇ ਪਿਤਾ ਸੁਰਮੁੱਖ ਸਿੰਘ ਆਪਣੀ ਐਕਟਿਵਾ ਨੰਬਰੀ ਪੀ.ਬੀ-65ਏ.ਜੀ-0676 ਤੇ ਸਵਾਰ ਹੋ ਕੇ ਪਿੰਡ ਰਾਣੀ ਮਾਜਰਾ ਤੋਂ ਆਪਣੇ ਘਰ ਨੂੰ ਆ ਰਹੇ ਸੀ ਅਤੇ ਬਿਕਰਮ ਸਿੰਘ ਵਾਸੀ ਪਿੰਡ ਟਿਵਾਣਾ ਮੇਰੇ ਪਿਤਾ ਜੀ ਨਾਲ ਐਕਟਿਵਾ ਦੇ ਪਿੱਛੇ ਬੈਠਾ ਸੀ। ਮੈਂ ਆਪਣੇ ਮੋਟਰ ਸਾਈਕਲ ਤੇ ਉਹਨਾਂ ਦੇ ਪਿੱਛੇ-ਪਿੱਛੇ ਆ ਰਿਹਾ ਸੀ। ਜਦੋਂ ਅਸੀਂ ਤੋਫਾਪੁਰ ਮੋੜ ਤੋਂ ਥੋੜਾ ਅੱਗੇ ਆਏ ਤਾਂ ਵਕਤ ਕਰੀਬ 06:30ਪੀ.ਐਮ ਦਾ ਹੋਵੇਗਾ ਅੱਗੇ ਤੋਂ ਇੱਕ ਟਰੈਕਟਰ ਟਰਾਲੀ ਨੰਬਰੀ ਪੀ.ਬੀ-70ਈ-4853 ਮਾਰਕਾ ਸਵਰਾਜ 855 ਬੜੀ ਤੇਜ਼ ਰਫਤਾਰੀ ਨਾਲ ਆਉਂਦਾ ਦਿਖਾਈ ਦਿੱਤਾ। ਜਿਸ ਦੇ ਚਾਲਕ ਨੇ ਮੇਰੇ ਦੇਖਦੇ ਦੇਖਦੇ ਹੀ ਮੇਰੇ ਪਿਤਾ ਜੀ ਦੀ ਅਕਟਿਵਾ ਵਿੱਚ ਸਾਈਡ ਮਾਰ ਦਿੱਤੀ। ਮੇਰੇ ਪਿਤਾ ਜੀ ਦਾ ਸਿਰ ਟਰਾਲੀ ਨਾਲ ਵੱਜਾ ਅਤੇ ਉਹ ਦੋਵੇਂ ਸੜਕ ਤੇ ਡਿੱਗ ਪਏ। ਮੈਂ ਰਾਹੀਗਰਾਂ ਦੀ ਮੱਦਦ ਨਾਲ ਆਪਣੇ ਪਿਤਾ ਨੂੰ ਸਿਵਲ ਹਸਪਤਾਲ ਡੇਰਾਬਸੀ ਵਿਖੇ ਲੈ ਕੇ ਗਿਆ ਜਿੱਥੇ ਡਾਕਟਰ ਸਾਹਿਬ ਨੇ ਮੇਰੇ ਪਿਤਾ ਜੀ ਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ। ਇਹ ਹਾਦਸਾ ਉਕਤ ਦੋਸ਼ੀ ਦੀ ਅਣਗਹਿਲੀ ਕਾਰਨ ਵਾਪਰਿਆ ਹੈ। |
| 12 | ਮੁਕੱਦਮਾ ਨੰ:191<br>ਮਿਤੀ:18-12-22<br>ਜੁਰਮ:379,511,<br>ਆਈ.ਪੀ.ਸੀ.<br>ਥਾਣਾ:- ਲਾਲੜੂ | ਸੰਜੇ ਕੁਮਾਰ ਪੁੱਤਰ ਉਮਪਾਲ ਸਿੰਘ ਵਾਸੀ ਪਿੰਡ ਬਨੇੜਾ ਜਿਲਾ ਸ਼ਾਮਲੀ ਉੱਤਰ ਪ੍ਰਦੇਸ਼<br>ਉਮਰ ਕਰੀਬ 45 ਸਾਲ<br>98769-21306 | 1) ਵਿਕਰਮ ਪੁੱਤਰ ਬੱਲਾ ਰਾਮ ਹਾਲ ਵਾਸੀ ਕਿਰਾਏਦਾਰ ਗੁਰਮੇਲ ਸਿੰਘ ਬੱਲੋਪੁਰ ਰੋਡ ਲਾਲੜੂ<br>2) ਰਾਕੇਸ਼ ਕੁਮਾਰ ਉਰਫ ਰਜਤ ਪੁੱਤਰ ਅਸ਼ੋਕ ਕੁਮਾਰ ਹਾਲ ਵਾਸੀ ਪਿੰਡ ਦੱਪਰ ਲਾਲੜੂ | ਮੁਦੱਈ ਮੁਕੱਦਮਾ ਨੇ ਬਿਆਨ ਕੀਤਾ ਕਿ ਮੈਂ ਰਾਣਾ ਪੋਲੀਕਟ ਫੈਕਟਰੀ ਆਲਮਗੀਰ ਵਿਖੇ ਸਕਿਉਰਟੀ ਗਾਰਡ ਦੀ ਨੌਕਰੀ ਕਰਦਾ ਹਾਂ। ਇਹ ਕੰਪਨੀ ਪਿਛਲੇ 04 ਮਹੀਨੇ ਤੋਂ ਬੰਦ ਪਈ ਹੈ। ਅੱਜ ਮੈਂ ਅਤੇ ਮੇਰੇ ਨਾਲ ਸ਼ਿਵ ਕੁਮਾਰ ਆਪਣੀ ਡਿਊਟੀ ਖਤਮ ਕਰਕੇ ਰੋਟੀ ਖਾ ਕੇ ਦੋਵੇਂ ਜਣੇ ਫੈਕਟਰੀ ਦੇ ਅੰਦਰ ਹੀ ਸੈਰ ਕਰ ਰਹੇ ਸੀ ਤਾਂ ਵਕਤ ਕਰੀਬ 08:30ਪੀ.ਐਮ ਦਾ ਹੋਵੇਗਾ ਸਾਨੂੰ ਫੈਕਟਰੀ ਦੇ ਅੰਦਰੋਂ ਖੜਕੇ ਦੀ ਅਵਾਜ਼ ਆਈ। ਅਸੀਂ ਵੇਖਿਆ ਕਿ ਦੋ ਮੁੰਡੇ ਸਾਡੀ ਕੰਪਨੀ ਦੀਆਂ ਲੋਹੇ ਦੀਆਂ ਤਾਕੀਆਂ ਪੁੱਟ ਰਹੇ ਸੀ। ਜੋ ਸਾਨੂੰ ਦੇਖ ਕੇ ਭੱਜਣ ਲੱਗੇ ਤਾਂ ਅਸੀਂ ਉਹਨਾਂ ਵਿੱਚੋਂ ਇੱਕ ਨੂੰ ਮੌਕੇ ਤੇ ਕਾਬੂ ਕਰ ਲਿਆ। ਜਿਸ ਨੂੰ ਬਾਅਦ ਵਿੱਚ ਪੁਲਿਸ ਪਾਰਟੀ ਦੇ ਹਵਾਲੇ ਕਰਕੇ ਮੁਕੱਦਮਾ ਦਰਜ ਕਰਵਾਇਆ। |
| 13 | ਮੁਕੱਦਮਾ ਨੰ: 89<br>ਮਿਤੀ:18-12-22<br>ਜੁਰਮ:22-61-85<br>ਐਨ.ਡੀ.ਪੀ.ਐਸ ਐਕਟ<br>ਥਾਣਾ:- ਹੰਡੇਸਰਾ | ਹੌਲਦਾਰ ਬਲਵਿੰਦਰ ਸਿੰਘ<br>ਥਾਣਾ ਹੰਡੇਸਰਾ<br>97816-33306 | 1) ਸਰਾਵਨ ਕੁਮਾਰ ਪੁੱਤਰ ਕੇਲਾਸ ਪ੍ਰਸਾਦ ਸ਼ਰਮਾ<br>2) ਅੰਬੁਜ ਪੁੱਤਰ ਬੈਜਨਾਥ ਸ਼ਰਮਾ ਵਾਸੀਆਨ ਮ.ਨੰ.49 ਰੇਰੁਆ ਕਲਾਂ ਜਿਲਾ ਰੀਵਾ ਮੱਧ ਪ੍ਰਦੇਸ਼ | ਅੱਜ ਮਨ ਸ:ਥ:ਸਮੇਤ ਪੁਲਿਸ ਪਾਰਟੀ ਬਾ-ਸਿਲਸਿਲਾ ਗਸ਼ਤ ਬਾ-ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਅੰਬਾਲਾ ਤੋਂ ਨਰਾਇਣਗੜ ਰੋਡ ਨਗਲਾ ਮੋੜ ਹੰਡੇਸਰਾ ਵਿਖੇ ਮੌਜੂਦ ਸੀ ਤਾਂ ਵਕਤ ਕਰੀਬ 05:30ਪੀ.ਐਮ ਦਾ ਹੋਵੇਗਾ ਅੰਬਾਲਾ ਸਾਈਡ ਵੱਲੋਂ ਦੋ ਮੋਨੇ ਨੌਜਵਾਨ ਪੈਦਲ ਆਉਂਦੇ ਦਿਖਾਈ ਦਿੱਤੇ ਜੋ ਪੁਲਿਸ ਪਾਰਟੀ ਨੂੰ ਦੇਖ ਕੇ ਇੱਕਦਮ ਘਬਰਾ ਕੇ ਪਿੱਛੇ ਮੁੜਨ ਲੱਗੇ। ਜਿਹਨਾਂ ਨੂੰ ਸਾਥੀ ਕਰਮਚਾਰੀਆਂ ਦੀ ਮੱਦਦ ਨਾਲ ਕਾਬੂ ਕਰਕੇ ਨਾਮ ਪਤਾ ਪੁੱਛਿਆ। ਜਿਹਨਾਂ ਪਾਸ ਫੜੇ ਥੈਲਿਆਂ ਵਿੱਚ ਕੋਈ ਨਸ਼ੀਲਾ ਪਦਾਰਥ ਹੋਣ ਦਾ ਸ਼ੱਕ ਹੋਣ ਤੇ ਥਾਣਾ ਇਤਲਾਹ ਦਿੱਤੀ ਜਿਸ ਤੇ ਸ.ਥ.ਸੁਲੱਖਣ ਸਿੰਘ ਸਾਥੀ ਕਰਮਚਾਰੀਆਂ ਸਮੇਤ ਮੌਕਾ ਪਰ ਪੁੱਜੇ ਤੇ ਉਕਤਾਨ ਦੇ ਥੈਲਿਆਂ ਦੀ ਤਲਾਸ਼ੀ ਕੀਤੀ ਜਿਹਨਾਂ ਵਿੱਚੋਂ ਕੁੱਲ **03 ਕਿਲੋਗ੍ਰਾਮ ਗਾਂਜਾ** ਬਰਾਮਦ ਹੋਇਆ। ਜਿਹਨਾਂ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ। |